BRAMPTON Flower City brampton.ca

media release

31 ਜਨਵਰੀ, 2019

## ਕਮਿਊਨਿਟੀ ਹਬ ਦੇ ਤੌਰ 'ਤੇ ਸਿਵਿਕ ਸੈਂਟਰ ਵਿੱਚ ਨਿਵੇਸ਼ ਕਰਨਾ

***ਸਿਟੀ ਨਵਾਂ ਸਰਵਿਸ ਬ੍ਰੈਂਪਟਨ ਸੈਂਟਰ ਖੋਲ੍ਹ ਰਹੀ ਹੈ ਅਤੇ ਲੈਸਟਰ ਬੀ. ਪੀਅਰਸਨ ਥਿਏਟਰ ਦਾ ਪੁਨਰਗਠਨ ਕਰ ਰਹੀ ਹੈ।***

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਦੀਆਂ ਸਭ ਤੋਂ ਵੱਧ ਮਸ਼ਹੂਰ ਫੈਸਿਲਿਟੀਜ ਵਿੱਚੋਂ ਇੱਕ ਬ੍ਰੈਂਪਟਨ ਸਿਵਿਕ ਸੈਂਟਰ (Brampton Civic Centre) ਵਿੱਚ ਕੁਝ ਰੋਮਾਂਚਕ ਵਿਕਾਸ ਹੋ ਰਹੇ ਹਨ। ਫਰਵਰੀ ਵਿੱਚ, ਸਿਟੀ ਹਾਲ (City Hall) ਦੇ ਬਾਹਰ, ਸਿਟੀ ਦਾ ਇੱਕੋ ਇੱਕ ਵਿਅਕਤੀਗਤ ਸਰਵਿਸ ਬ੍ਰੈਂਪਟਨ ਸੈਂਟਰ (Service Brampton Centre) ਬਿਜਨਸ ਲਈ ਖੁੱਲ੍ਹੇਗਾ ਅਤੇ ਉਸਾਰੀ ਲੈਸਟਰ ਬੀ. ਪੀਅਰਸਨ ਥਿਏਟਰ (Lester B. Pearson Theatre) ਨੂੰ ਨਵਿਆਉਣ ਦੇ ਬਾਅਦ ਸ਼ੁਰੂ ਹੋਵੇਗੀ।

**ਸਰਵਿਸ ਬ੍ਰੈਂਪਟਨ ਸੈਂਟਰ**

ਨਵਾਂ ਸਰਵਿਸ ਬ੍ਰੈਂਪਟਨ ਸੈਂਟਰ ਜਾਣਕਾਰੀ ਮੁਹੱਈਆ ਕਰੇਗਾ ਅਤੇ ਨਿਵਾਸੀਆਂ ਨੂੰ ਉਸੇ ਸਥਾਨ ਤੇ ਹੀ ਸਿਟੀ ਦੀਆਂ ਸੇਵਾਵਾਂ ਲਈ ਬੇਨਤੀ ਕਰਨ ਅਤੇ ਰੇਕ੍ਰੀਏਸ਼ਨ ਰਜਿਸਟਰੇਸ਼ਨ, ਪਾਰਕਿੰਗ ਟਿਕਟ ਭੁਗਤਾਨ ਅਤੇ ਥਿਏਟਰ ਟਿਕਟ ਖਰੀਦਦਾਰੀ ਜਿਹੀਆਂ ਕੁਝ ਟ੍ਰਾਂਜੈਕਸ਼ਨਾਂ ਪੂਰੀਆਂ ਕਰਨ ਵਿੱਚ ਸਮਰੱਥ ਬਣਾਵੇਗਾ। ਇਸ ਨਵੇਂ ਸਥਾਨ ਤੇ ਸਿਰਫ਼ ਕ੍ਰੈਡਿਟ, ਡੈਬਿਟ ਜਾਂ ਚੈਕ ਭੁਗਤਾਨ ਹੀ ਸਵੀਕਾਰ ਕੀਤੇ ਜਾਣਗੇ। ਨਕਦ ਭੁਗਤਾਨ ਸਿਟੀ ਹਾਲ ਵਿਖੇ ਕੀਤੇ ਜਾ ਸਕਦੇ ਹਨ।

ਸਿਟੀ ਦੀਆਂ ਸੇਵਾਵਾਂ ਅਤੇ ਜਾਣਕਾਰੀ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ, 311 ਤੇ ਫੋਨ ਰਾਹੀਂ ਜਾਂ ਔਨਲਾਈਨ www.brampton.ca ਤੇ ਉਪਲਬਧ ਹੈ। ਸਿਟੀ ਹਾਲ ਵਿੱਚ ਸਰਵਿਸ ਬ੍ਰੈਂਪਟਨ ਸੈਂਟਰ ਅਤੇ ਸਿਵਿਕ ਸੈਂਟਰ ਵਿਜੀਟਰ ਅਨੁਭਵ ਨੂੰ ਵਧਾਉਣ ਅਤੇ ਨਿਵਾਸੀਆਂ ਲਈ ਆਮ੍ਹੋ-ਸਾਮ੍ਹਣੇ ਦੀ ਸੇਵਾ ਦੇ ਵਿਕਲਪ ਨੂੰ ਮੁਹੱਈਆ ਕਰਨ ਲਈ ਬਣਾਏ ਗਏ ਹਨ। ਨਿਵਾਸੀਆਂ ਨੂੰ ਵਿਅਕਤੀਗਤ ਪਹੁੰਚ ਮੁਹੱਈਆ ਕਰਨ ਲਈ ਆਉਣ ਵਾਲੇ ਸਾਲਾਂ ਵਿੱਚ ਸਿਟੀ ਦੀਆਂ ਹੋਰ ਫੈਸਿਲਿਟੀਜ ਤੇ, ਸਰਵਿਸ ਬ੍ਰੈਂਪਟਨ ਸੈਂਟਰਾਂ ਦੇ ਹੋਰ ਵਿਸਤਾਰ ਜਾਰੀ ਰਹਿਣ ਦੀ ਸੰਭਾਵਨਾ ਹੈ।

ਨਵਾਂ ਸਰਵਿਸ ਬ੍ਰੈਂਪਟਨ ਸੈਂਟਰ ਫਰਵਰੀ 2019 ਵਿੱਚ ਖੁੱਲ੍ਹਣ ਦੀ ਸੰਭਾਵਨਾ ਹੈ।

**ਲੈਸਟਰ ਬੀ. ਪੀਅਰਸਨ ਥਿਏਟਰ**

ਸਿਟੀ ਲੈਸਟਰ ਬੀ. ਪੀਅਰਸਨ ਥਿਏਟਰ (ਐਲ.ਬੀ.ਪੀ.) ਦੇ 2.6 ਮਿਲੀਅਨ ਡਾਲਰ ਦੇ ਪੁਨਰਗਠਨ ਦੇ ਨਾਲ, ਕਲਾ, ਸੱਭਿਆਚਾਰ ਅਤੇ ਭਾਈਚਾਰੇ ਵਿੱਚ ਨਿਵੇਸ਼ ਕਰ ਰਹੀ ਹੈ। ਇਸਨੂੰ ਨਵਿਆਉਣ ਨਾਲ ਪਹੁੰਚ ਯੋਗਤਾ, ਸਿਹਤ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਵਿੱਚ ਵਾਧਾ ਹੋਵੇਗਾ, ਤਕਨੀਕੀ ਉਪਕਰਨ ਅੱਪਗ੍ਰੇਡ ਹੋਣਗੇ ਅਤੇ ਇਹ ਵੱਧ ਆਕਰਸ਼ਕ ਅਤੇ ਸੁਆਗਤੀ ਥਾਂ ਬਣੇਗੀ। ਇਸ ਯੋਜਨਾ ਵਿੱਚ ਇੱਕ ਮੁੜ ਡਿਜ਼ਾਈਨ ਕੀਤਾ ਗਿਆ ਲੈਬੀ ਖੇਤਰ ਹੈ, ਜੋ ਥਿਏਟਰ ਨੂੰ ਨਾ ਸਿਰਫ਼ ਇੱਕ ਵੱਧ ਆਕਰਸ਼ਕ ਸਥਾਨ ਬਣਾਵੇਗਾ, ਬਲਕਿ ਸਿਵਿਕ ਸੈਂਟਰ ਵਿੱਚ ਸਾਰੇ ਮੁਲਾਕਾਤੀਆਂ ਲਈ ਭਾਈਚਾਰਕ ਇਕੱਠ ਵਾਲੀ ਥਾਂ ਦੇ ਤੌਰ ਤੇ ਵੀ ਵਰਤਿਆ ਜਾਏਗਾ।

ਬ੍ਰੈਂਪਟਨ ਦਾ 2040 ਵਿਜਨ (Brampton's 2040 Vision) ਅਤੇ ਕਲਚਰ ਮਾਸਟਰ ਪਲਾਨ (Culture Master Plan) ਦੋਵਾਂ ਵਾਸਤੇ ਸੱਭਿਆਚਾਰਕ ਅਤੇ ਭਾਈਚਾਰਕ ਥਾਵਾਂ ਵਿੱਚ ਨਿਵੇਸ਼ ਦੀ ਲੋੜ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ, ਸਿਟੀ ਆਪਣੇ ਪਰਫੌਰਮੈਂਸ ਵਾਲੇ ਛੋਟੇ ਸਥਾਨਾਂ (ਐਲ.ਬੀ.ਪੀ. ਅਤੇ ਸਿਰਿਲ ਕਲਾਰਕ ਥਿਏਟਰ) ਦੀ ਵਰਤੋਂ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕ ਰਹੀ ਹੈ। ਸਿਰਿਲ ਕਲਾਰਕ ਥਿਏਟਰ (Cyril Clark Theatre) ਨੂੰ ਹੁਣੇ ਜਿਹੇ ਹੀ ਨਵਿਆਇਆ ਗਿਆ ਸੀ, ਤਾਂ ਜੋ ਛੋਟੇ-ਸਕੇਲ ਦੇ ਪਰਫੌਰਮੈਂਸ ਅਤੇ ਰਿਹਰਸਲ ਦੀ ਥਾਂ ਲਈ ਇੱਕ ਅੱਪਡੇਟ ਕੀਤਾ ਅਤੇ ਪੁੱਜਣ ਯੋਗ ਵਿਕਲਪ

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

BRAMPTON Flower City brampton.ca

media release

ਤਿਆਰ ਕੀਤਾ ਜਾ ਸਕੇ। ਐਲ.ਬੀ.ਪੀ. (LBP) ਨੂੰ ਵੱਧ ਮਜ਼ਬੂਤ ਬਣਾਉਣ ਨਾਲ ਸਥਾਨਕ ਰੂਪ ਨਾਲ ਪਰਫੌਰਮ ਕਰਨ ਵਾਲੇ ਆਰਟਸ ਗਰੁੱਪਾਂ ਲਈ ਉਪਲਬਧ ਵਿਕਲਪਾਂ ਵਿੱਚ ਲਗਾਤਾਰ ਵਾਧਾ ਅਤੇ ਵਿਸਤਾਰ ਹੋਵੇਗਾ, ਜਿਹਨਾਂ ਵਿੱਚ ਸ਼ਾਮਲ ਹਨ, 415-ਸੀਟ ਵਾਲਾ ਥਿਏਟਰ ਅਤੇ ਰਿਹਰਸਲਾਂ ਅਤੇ ਰਚਨਾਤਮਕ ਵਰਕਸ਼ਾਪਾਂ ਲਈ ਅਨੁਕੂਲ ਸਟੂਡਿਓ।

ਐਲ.ਬੀ.ਪੀ. (LBP) ਇਸ ਵੇਲੇ ਨਵਿਆਉਣ ਲਈ ਬੰਦ ਹੈ। ਉਸਾਰੀ ਫਰਵਰੀ 2019 ਵਿੱਚ ਸ਼ੁਰੂ ਹੋ ਕੇ ਪਤਝੜ 2019 ਵਿੱਚ ਖ਼ਤਮ ਹੋਣ ਦੀ ਸੰਭਾਵਨਾ ਹੈ। ਹੋਰ ਜਾਣਕਾਰੀ ਲਈ, www.brampton.ca/LBP ਤੇ ਜਾਓ।

**ਹਵਾਲੇ**

"ਸਿਵਿਕ ਸੈਂਟਰ ਪਹਿਲਾਂ ਤੋਂ ਹੀ ਵਿਅਸਤ ਬ੍ਰੈਂਪਟਨ ਲਾਇਬ੍ਰੇਰੀ ਬ੍ਰਾਂਚ ਅਤੇ ਅਬਾਦੀ ਦੇ ਸਾਰੇ ਖੰਡਾਂ ਨੂੰ ਸੇਵਾ ਦੇਣ ਵਾਲੇ ਕਈ ਪ੍ਰਾਈਵੇਟ ਅਤੇ ਪਬਲਿਕ ਸੰਗਠਨਾਂ ਦਾ ਘਰ ਹੈ। ਲੈਸਟਰ ਬੀ. ਪੀਅਰਸਨ ਥਿਏਟਰ ਨੂੰ ਨਵਿਆਉਣ ਦੇ ਨਾਲ, ਨਵਾਂ ਸਰਵਿਸ ਬ੍ਰੈਂਪਟਨ ਸੈਂਟਰ, ਸੈਂਟਰਲ ਬ੍ਰੈਂਪਟਨ ਵਿੱਚ ਇੱਕ ਸੱਭਿਆਚਾਰਕ ਅਤੇ ਭਾਈਚਾਰਕ ਹਬ ਦੇ ਤੌਰ ਤੇ ਸਿਵਿਕ ਸੈਂਟਰ ਦੇ ਵਾਧੇ ਲਈ ਸਹਾਇਕ ਹੋਵੇਗਾ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਸਰਵਿਸ ਬ੍ਰੈਂਪਟਨ ਗਾਹਕ ਸੇਵਾ ਨੂੰ ਬਿਹਤਰ ਬਣਾਉਣ ਅਤੇ ਸਾਡੇ ਨਿਵਾਸੀਆਂ ਨੂੰ 24/7 ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਮੁਹੱਈਆ ਕਰਨ ਲਈ ਸਮਰਪਿਤ ਹੈ। ਸਿਵਿਕ ਸੈਂਟਰ ਵਿੱਚ ਨਵਾਂ ਸਰਵਿਸ ਬ੍ਰੈਂਪਟਨ ਸੈਂਟਰ, ਨਿਵਾਸੀਆਂ ਨੂੰ ਸੰਪਰਕ ਦੇ ਸੁਵਿਧਾਜਨਕ ਸਥਾਨ ਮੁਹੱਈਆ ਕਰਨ ਲਈ ਪਹਿਲਾ ਯੋਜਨਾਬੱਧ ਵਿਸਤਾਰ ਹੈ ਅਤੇ ਮੈਨੂੰ ਭਵਿੱਖ ਵਿੱਚ ਹੋਰ ਵਿਅਕਤੀਗਤ ਸਥਾਨ ਖੁੱਲ੍ਹਣ ਦੀ ਆਸ ਹੈ।"

- *ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos), ਕਮਿਉਨਿਟੀ ਸਰਵਿਸਿਜ ਚੇਅਰ*

"ਕਲਚਰ ਮਾਸਟਰ ਪਲਾਨ ਸਾਡੀ ਸਿਟੀ ਲਈ ਇੱਕ ਵਿਜਨ ਹੈ, ਜੋ ਵਿਆਪਕ ਜਨਤਕ ਮਸ਼ਵਰਾ ਪ੍ਰਕਿਰਿਆ ਨਾਲ ਤਿਆਰ ਕੀਤਾ ਗਿਆ ਹੈ। ਲੈਸਟਰ ਬੀ. ਪੀਅਰਸਨ ਥਿਏਟਰ ਦਾ ਪੁਨਰਗਠਨ, ਰਚਨਾਤਮਕ ਪ੍ਰਸਤੁਤੀ, ਉਤਪਾਦਨ, ਭਾਗੀਦਾਰੀ, ਸਹਿਯੋਗ ਅਤੇ ਨਵੀਨਤਾ ਲਈ ਭੌਤਿਕ ਸਪੇਸ ਦੀ ਵਸਤੂ ਸੂਚੀ ਨੂੰ ਵਧਾਉਣ ਲਈ, ਉਸ ਪਲਾਨ ਦੇ ਨਿਰਧਾਰਿਤ ਟੀਚੇ ਨੂੰ ਪੂਰਾ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।"

- *ਰੀਜਨਲ ਕਾਉਂਸਲਰ ਗੁਰਪ੍ਰੀਤ ਢਿੱਲੋਂ (Gurpreet Dhillon), ਇਕੋਨੋਮਿਕ ਡੇਵਲੈਪਮੈਂਟ ਐਂਡ ਕਲਚਰ ਚੇਅਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca